
# ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਬਾਰੇ






ਫੇਫੜਿਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਫੇਫੜਿਆਂ ਦੇ ਕੈਂਸਰ ਦੀ ਬਕਾਇਦਾ ਸਕ੍ਰੀਨਿੰਗ ਕਰਵਾਉਣਾ ਹੈ।




ਆਸਟ੍ਰੇਲੀਆ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਫੇਫੜਿਆਂ ਦਾ ਕੈਂਸਰ ਹੈ। ਪਰ ਜੇਕਰ ਜਲਦੀ ਪਤਾ ਲੱਗ ਜਾਵੇ, ਤਾਂ ਜ਼ਿਆਦਾਤਰ ਮਾਮਲਿਆਂ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਜਾ ਸਕਦਾ ਹੈ।




ਤੰਬਾਕੂ ਵਾਲੀ ਸਿਗਰਟਨੋਸ਼ੀ ਫੇਫੜਿਆਂ ਦੇ ਕੈਂਸਰ ਲਈ ਸਭ ਤੋਂ ਵੱਡਾ ਜ਼ੋਖਮ ਕਾਰਕ ਹੈ।



ਫੇਫੜਿਆਂ ਦਾ ਕੈਂਸਰ ਦੁਨੀਆ ਭਰ ਵਿੱਚ ਹੋਣ ਵਾਲੇ ਸਭ ਤੋਂ ਆਮ ਕੈਂਸਰਾਂ ਵਿੱਚੋਂ ਇੱਕ ਹੈ।



ਫੇਫੜਿਆਂ ਦਾ ਕੈਂਸਰ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਫੇਫੜਿਆਂ ਵਿੱਚ ਸੈੱਲ ਬੇਕਾਬੂ ਹੋ ਕੇ ਵੱਧਣ ਲੱਗ ਪੈਂਦੇ ਹਨ।



ਸਕ੍ਰੀਨਿੰਗ ਦਾ ਮਕਸਦ ਕੈਂਸਰ ਨੂੰ ਉਸ ਵੇਲੇ ਲੱਭਣਾ ਹੁੰਦਾ ਹੈ ਜਦੋਂ ਲੱਛਣ ਆਉਣੇ ਹਾਲੇ ਸ਼ੁਰੂ ਨਹੀਂ ਹੋਏ ਹੁੰਦੇ ਅਤੇ ਜਦੋਂ ਇਸਦਾ ਇਲਾਜ ਕਰਨਾ ਔਖਾ ਨਹੀਂ ਹੁੰਦਾ।

Australian Government

NATIONAL LUNG CANCER SCREENING PROGRAM

## ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕੀ ਹੁੰਦੀ ਹੈ?

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਘੱਟ-ਰੇਡੀਏਸ਼ਨ ਵਾਲੇ ਕੰਪਿਊਟਡ ਟੋਮੋਗ੍ਰਾਫੀ (CT) ਸਕੈਨ ਰਾਹੀਂ ਸ਼ੁਰੂਆਤੀ ਲੱਛਣ ਲੱਭੇ ਜਾਂਦੇ ਹਨ। ਇਹ ਸਕ੍ਰੀਨਿੰਗ ਉਹਨਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਹਾਲੇ ਕੋਈ ਲੱਛਣ ਨਹੀਂ ਹਨ (ਜਿਵੇਂ ਕਿ ਲਗਾਤਾਰ ਰਹਿਣ ਵਾਲੀ ਖੰਘ ਜਾਂ ਖੰਘ ਵਿੱਚ ਖ਼ੂਨ ਆਉਣਾ)।

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਿਸੇ ਵੀ ਗੰਢ, ਜਿਸਨੂੰ ਗਿਲ੍ਹਟੀ ਕਿਹਾ ਜਾਂਦਾ ਹੈ, ਦੀ ਭਾਲ ਕਰਨ ਲਈ ਘੱਟ-ਰੇਡੀਏਸ਼ਨ ਵਾਲੇ CT ਸਕੈਨ (ਘੱਟ-ਮਾਤਰਾ ਵਾਲੀ ਰੇਡੀਏਸ਼ਨ) ਦੀ ਵਰਤੋਂ ਕਰਦੀ ਹੈ। ਜ਼ਿਆਦਾਤਰ ਗਿਲ੍ਹਟੀਆਂ ਕੈਂਸਰ ਨਹੀਂ ਹੋਣਗੀਆਂ।

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਲਈ ਘੱਟ-ਰੇਡੀਏਸ਼ਨ ਵਾਲਾ CT ਸਕੈਨ ਮੁਫ਼ਤ ਹੁੰਦਾ ਹੈ ਅਤੇ ਇਹ ਮੈਡੀਕੇਅਰ ਰਾਹੀਂ ਕਵਰ ਕੀਤਾ ਜਾਂਦਾ ਹੈ।

## ਇਹ ਮਹੱਤਵਪੂਰਨ ਕਿਉਂ ਹੈ?

ਆਸਟ੍ਰੇਲੀਆ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਫੇਫੜਿਆਂ ਦਾ ਕੈਂਸਰ ਹੈ। ਪਰ ਜੇਕਰ ਜਲਦੀ ਪਤਾ ਲੱਗ ਜਾਵੇ, ਤਾਂ ਜ਼ਿਆਦਾਤਰ ਮਾਮਲਿਆਂ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਜਾ ਸਕਦਾ ਹੈ।

ਸਕ੍ਰੀਨਿੰਗ ਉਨ੍ਹਾਂ ਸਿਹਤਮੰਦ ਲੋਕਾਂ ਲਈ ਹੈ ਜਿਨ੍ਹਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ। ਇਹ ਸਕ੍ਰੀਨਿੰਗ ਤੁਹਾਡੀ ਜਾਨ ਬਚਾਅ ਸਕਦੀ ਹੈ।

ਜਦੋਂ ਫੇਫੜਿਆਂ ਦਾ ਕੈਂਸਰ ਪਹਿਲੀ ਵਾਰ ਸ਼ੁਰੂ ਹੁੰਦਾ ਹੈ, ਤਾਂ ਇਸਦੇ ਕੋਈ ਲੱਛਣ ਨਹੀਂ ਹੁੰਦੇ। ਖੰਘ ਵਿੱਚ ਖ਼ੂਨ ਆਉਣਾ ਜਾਂ ਬਿਨਾਂ ਕਿਸੇ ਵਜ੍ਹਾ ਦੇ ਭਾਰ ਘੱਟਣ ਵਰਗੇ ਲੱਛਣ ਇਸ ਗੱਲ ਦਾ ਸੰਕੇਤ ਹੋ ਸਕਦੇ ਹਨ ਕਿ ਫੇਫੜਿਆਂ ਦਾ ਕੈਂਸਰ ਵਧੇਰੇ ਵੱਧ ਚੁੱਕਿਆ ਹੈ।

ਫੇਫੜਿਆਂ ਦੇ ਕੈਂਸਰ ਦੇ ਇਲਾਜ ਦਾ ਸਭ ਤੋਂ ਵਧੀਆ ਸਮਾਂ ਉਹ ਹੁੰਦਾ ਹੈ ਜਦੋਂ ਗਿਲ੍ਹਟੀਆਂ ਸ਼ੁਰੂਆਤੀ ਪੜਾਅ 'ਤੇ ਮਿਲ ਜਾਂਦੀਆਂ ਹਨ। ਜਦੋਂ ਫੇਫੜਿਆਂ ਦਾ ਕੈਂਸਰ ਸ਼ੁਰੂਆਤ ਵਿੱਚ ਲੱਭ ਲਿਆ ਜਾਂਦਾ ਹੈ, ਤਾਂ ਇਸਦਾ ਇਲਾਜ ਕਰਨਾ ਔਖਾ ਨਹੀਂ ਹੁੰਦਾ ਅਤੇ ਬਹੁਤੇ ਲੋਕ ਠੀਕ ਹੋ ਜਾਂਦੇ ਹਨ ਅਤੇ ਆਪਣੀ ਆਮ ਜ਼ਿੰਦਗੀ ਵੱਲ ਵਾਪਸ ਮੁੜ ਜਾਂਦੇ ਹਨ।

ਭਾਵੇਂ ਤੁਸੀਂ ਠੀਕ ਮਹਿਸੂਸ ਕਰਦੇ ਹੋ, ਪਰ ਜਾਂਚ ਕਰਵਾਉਣਾ ਮਹੱਤਵਪੂਰਨ ਹੈ।




## ਕੀ ਮੈਂ ਜਾਂਚ ਕਰਵਾਉਣ ਲਈ ਯੋਗ ਹਾਂ?

ਜੇਕਰ ਤੁਸੀਂ ਹੇਠਾਂ ਦਿੱਤੇ ਸਾਰੇ ਮਾਪਦੰਡ ਪੂਰੇ ਕਰਦੇ ਹੋ ਤਾਂ ਤੁਸੀਂ ਇਸ ਪ੍ਰੋਗਰਾਮ ਲਈ ਯੋਗ ਹੋ:



**ਤੁਹਾਡੀ ਉਮਰ 50 ਤੋਂ 70 ਸਾਲ ਹੋਣੀ ਚਾਹੀਦੀ ਹੈ**

**ਅਤੇ**



**ਹਾਨੂੰ ਫੇਫੜਿਆਂ ਦੇ ਕੈਂਸਰ ਦੇ ਕੋਈ ਲੱਛਣ ਜਾਂ ਨਿਸ਼ਾਨੀ ਨਹੀਂ ਹੋਣੀ ਚਾਹੀਦੀ**
(ਉਦਾਹਰਨ ਵਜੋਂ: ਬਿਨਾਂ ਕਿਸੇ ਕਾਰਨ ਦੇ ਲਗਾਤਾਰ ਖੰਘ, ਖੰਘਦੇ ਹੋਏ ਖ਼ੂਨ ਆਉਣਾ, ਬਿਨਾਂ ਕਿਸੇ ਕਾਰਨ ਸਾਹ ਚੜ੍ਹਨਾ)

**ਅਤੇ**



**ਜੋ ਤੰਬਾਕੂ ਵਾਲੀਆਂ ਸਿਗਰਟਾਂ ਪੀਂਦੇ ਹਨ ਜਾਂ ਪਹਿਲਾਂ ਸਿਗਰਟਨੋਸ਼ੀ ਕਰਦੇ ਰਹੇ ਹੋਣ**
(ਜਿਨ੍ਹਾਂ ਸਿਗਰਟਨੋਸ਼ੀ ਛੱਡੀ ਹੈ ਪਰ 10 ਸਾਲ ਤੋਂ ਘੱਟ ਸਮਾਂ ਹੋਇਆ ਹੈ)

**ਅਤੇ**



**ਜਿੰਨ੍ਹਾਂ ਦਾ ਤੰਬਾਕੂ ਵਾਲੀ ਸਿਗਰਟ ਪੀਣ ਦਾ ਇਤਿਹਾਸ ਘੱਟੋ-ਘੱਟ 30 ਪੈਕ-ਸਾਲ ਦਾ ਹੈ**
(ਉਦਾਹਰਨ ਵਜੋਂ, 30 ਸਾਲਾਂ ਲਈ ਹਰ ਰੋਜ਼ ਇੱਕ ਪੈਕ, ਜਾਂ 15 ਸਾਲਾਂ ਲਈ ਇੱਕ ਦਿਨ ਵਿੱਚ 2 ਪੈਕ ਪੀਤੇ ਹਨ)

**ਇਹ ਦੇਖਣ ਲਈ ਕਿ ਕੀ ਤੁਸੀਂ ਯੋਗ ਹੋ, ਆਪਣੇ ਡਾਕਟਰ ਨਾਲ ਗੱਲ ਕਰੋ।**



## ਮੈਨੂੰ ਕਦੋਂ ਜਾਣਾ ਚਾਹੀਦਾ ਹੈ?

ਇਹ ਦੇਖਣ ਲਈ ਕਿ ਕੀ ਤੁਸੀਂ ਇਸ ਪ੍ਰੋਗਰਾਮ ਲਈ ਯੋਗ ਹੋ, ਆਪਣੇ ਡਾਕਟਰ ਨਾਲ ਗੱਲ ਕਰੋ। ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ ਹਰ ਦੋ ਸਾਲਾਂ ਬਾਅਦ ਸਕੈਨ ਕਰਵਾ ਸਕਦੇ ਹੋ। ਤੁਹਾਨੂੰ ਸਕੈਨ ਕਰਵਾਉਣ ਲਈ ਡਾਕਟਰ ਤੋਂ ਰੈਫ਼ਰਲ ਲੈਣਾ ਪਵੇਗਾ। ਜਦੋਂ ਤੁਸੀਂ ਠੀਕ ਵੀ ਮਹਿਸੂਸ ਕਰਦੇ ਹੋ ਤਾਂ ਵੀ ਤੁਹਾਨੂੰ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ।

## ਜੇਕਰ ਮੈਨੂੰ ਲੱਛਣ ਹਨ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਹਨ, ਭਾਵੇਂ ਤੁਹਾਡਾ ਆਖਰੀ ਸਕ੍ਰੀਨਿੰਗ ਟੈਸਟ 'ਬਹੁਤ ਘੱਟ ਜ਼ੋਖਮ' ਵਾਲਾ ਸੀ ਜਾਂ ਤੁਹਾਡਾ ਅਗਲਾ ਸਕੈਨ ਹਾਲੇ ਬਾਅਦ ਵਿੱਚ ਹੈ, ਤਾਂ ਕਿਰਪਾ ਕਰਕੇ ਤੁਰੰਤ ਆਪਣੇ ਡਾਕਟਰ ਨਾਲ ਗੱਲ ਕਰੋ।

- **ਨਵੀਂ ਜਾਂ ਬਦਲੀ ਹੋਈ ਖੰਘ**
- **ਖੰਘ ਨਾਲ ਖ਼ੂਨ ਆਉਣਾ**
- **ਬਿਨਾਂ ਕਿਸੇ ਕਾਰਨ ਸਾਹ ਚੜ੍ਹਨਾ**
- **ਬਹੁਤ ਥਕਾਵਟ ਮਹਿਸੂਸ ਹੋਣਾ**
- **ਬਿਨਾਂ ਵਜ੍ਹਾ ਭਾਰ ਘਟਣਾ**
- **ਛਾਤੀ ਜਾਂ ਮੋਢੇ ਦਾ ਦਰਦ ਜੋ ਦੂਰ ਨਹੀਂ ਹੁੰਦਾ।**

**ਫੇਫੜਿਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਇੱਥੇ ਜਾਓ:**

www.health.gov.au/nlcsp

Quitline® 13 7848

**ਸਿਗਰਟਨੋਸ਼ੀ ਛੱਡਣ ਵਿੱਚ ਮੱਦਦ ਲੈਣ ਲਈ ਇੱਥੇ ਜਾਓ:**

www.quit.org.au

DT0004838_V01